**Eschborn**
**04. 04. 2004**

# ਜੂਨ ਚੌਰਾਸੀ ਤੋਂ ਮੁਕਰਰ ਖਾਲਸਾ ਪੰਥ ਦੀ ਮੰਜਿਲ ਅਤੇ ਇਸ ਵਲ ਤੁਰਿਆ ਗਿਆ

ਅੱਜ ਗੁਰੂਆਂ ਦੀ ਧਰਤ ਦੇ ਬਸ਼ਿੰਦੇ ਇਨਕਲਾਬੀ ਖਾਲਸੇ ਵਲੋਂ ਆਪਣੇ ਅਤੇ ਸੰਸਾਰ ਦੇ ਉਜਲੇ ਭਵਿਖ ਲਈ ਸੰਘਰਸ਼ ਦੀ ਨਵੀਂ ਰੂਪ ਰੇਖਾ ਤਿਅਰ ਕਰਨ ਹਿਤ ਅਤੇ ਇਸ ਸੰਘਰਸ਼ ਵਿਚ ਜ਼ੁਲਮ, ਅਨਿਆ ਦੇ ਸਤਾਏ ਹੋਰਨਾਂ ਨੂੰ ਵੀ ਸ਼ਾਮਿਲ ਕਰਨ ਅਤੇ ਜੇ ਪੂਰਨ ਰੂਪ ਵਿਚ ਇਹ ਸੰਭਵ ਨਹੀਂ ਤਾਂ ਵਿਚਾਰਾਂ ਦੀ ਘੱਟੋਘੱਟ ਸਾਂਝ ਨਾਲ, ਸਾਂਝੇ ਜਾਬਰ ਧਾੜਵੀ ਅੱਗੇ ਖੜ੍ਹਨ ਲਈ, ਇਕ ਸਾਂਝੀ ਅਗਵਾਈ ਨੂੰ ਹੋਂਦ ਵਿਚ ਲਿਆਉਣ ਖਾਤਰ, 'ਦੇਸ ਪੰਜਾਬ' ਦੁਆਰਾ ਵਿਚਾਰਾਂ ਕਰਨ ਦਾ ਬਹੁਤ ਹੀ ਅਨਮੋਲ ਕਾਰਜ ਹੋ ਰਿਹਾ ਹੈ। ਇਕ ਵਾਰ ਫਿਰ ਖਾਲਸਾ ਪੰਥ ਦੇ ਗੋਚਰੇ, ਜੂਨ ਚੌਰਾਸੀ ਤੋਂ ਪੰਥ ਦੀ ਮੁਕਰਰ ਮੰਜਿਲ ਅਤੇ ਇਸ ਦੀ ਪੂਰਤੀ ਲਈ ਹੀ ਜਰਮਨੀ ਦੀਆਂ ਸਿਖ ਸੰਗਤਾਂ ਵਲੋਂ ਹੁਣ ਤੱਕ ਦੇ ਹੋਏ ਵਾਰੇ ਸੰਖੇਪ ਅਤੇ ਸਪਸ਼ਟਤਾ:

ਖਾਲਸਾ ਜੀ ਇਹ ਸਚ ਆਪਾਂ ਸਾਹਮਣੇ ਹੈ ਹੀ ਕਿ ਭਾਰਤ ਦੀ ਹੁਕਮਰਾਨ ਜਮਾਤ ਬ੍ਰਾਹਮਣ, ਬਾਹਰੋ ਆਏ ਬਦੀ ਦੇ ਪ੍ਰਤੀਕ ਧਾੜਵੀ ਆਰੀਅਨਾਂ ਦੀ ਔਲਾਦ ਹੈ ਜੋ ਹਿੰਦੂ ਧਰਮ ਸਾਜ ਕੇ, ਜਾਤਪਾਤ ਦੇ ਮੰਨੂੰ ਸਿਮ੍ਰਤੀ ਸਿਸਟਮ ਦੁਆਰਾ, ਖੁਦ ਸੱਭ ਤੋਂ ਉਤਮ, ਸਰੇਸ਼ਟ, ਸੱਭ ਹੱਕਾਂ ਦੇ ਮਾਲਕ ਬਣ ਬੈਠੇ ਅਤੇ ਭਾਰਤ ਦੇ ਅਸਲ ਵਾਰਸ ਅਤੇ ਬਸ਼ਿੰਦਿਆਂ ਨੂੰ ਚੌਥੇ ਦਰਜੇ ਦੇ ਨੀਚ, ਅਛੂਤ, ਸ਼ੂਦਰ ਐਲਾਨ ਕੇ, ਬਾਕੀ ਸੰਸਾਰ ਧਰਮਾਂ ਦੇ ਸਾਂਝੇ ਉਪਦੇਸ਼ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਉਲਟ, ਸੰਸਾਰ ਉਤੇ ਧਰਮ ਦੇ ਨਾਮ, ਸਦੀਆਂ ਤੋਂ ਅੱਤ ਦਾ ਘਿਨਾਉਣਾਂ ਅਪਾਰਥਾਇਡ ਕਾਇਮ ਕੀਤਾ ਹੋਇਆ ਹੈ। ਧਰਮ ਦੇ ਨਾਮ ਉਤੇ ਇਸ ਘਿਨਾਉਣੇ ਅਪਾਰਥਾਇਡ ਨੂੰ ਭਾਰਤ ਦੀਆਂ ਹੁਕਮਰਾਨ ਜਮਾਤਾਂ ਵੱਲੋਂ ਪੂਰੇ ਭਾਰਤ ਨੂੰ ਹਿੰਦੂ, ਹਿੰਦੀ, ਹਿੰਦੋਸਤਾਨ ਕਰਕੇ, ਆਪਾਂ ਅਤੇ ਹੋਰ ਗੈਰ ਹਿੰਦੂਆਂ ਉਤੇ ਵੀ ਇਸ ਨੂੰ ਹਰ ਜਬਰ ਨਾਲ ਲਾਗੂ ਕਰਨ ਦੀ ਠਾਣੀ ਹੋਈ ਸੀ ਅਤੇ ਹੁਣ ਅੰਤਰਰਾਸ਼ਟੀ ਹਾਲਾਤਾਂ ਨੂੰ ਵੇਖਦਿਆਂ, ਭਾਜਪਾ ਅਤੇ ਕਾਂਗਰਸ ਨੂੰ ਇਹ ਚੜ੍ਹੀ ਪਾਣ ਕੁਝ ਮੱਧਮ ਪਈ ਜਾਪ ਰਹੀ ਹੈ।

ਭਾਰਤ ਦੀ ਵੰਡ ਵੇਲੇ ਬਦੀ ਦੇ ਪ੍ਰਤੀਕ ਬ੍ਰਾਹਮਣ ਜਮਾਤ ਵਲੋਂ ਫਰੇਬ ਨਾਲ ਸਿਖ ਕੌਮ ਤੋਂ ਆਜਾਦੀ ਦਾ ਨਿੱਘ ਦੇਣ ਦੇ ਲਾਰੀਂ, ਭਾਰਤ ਨਾਲ ਰਹਿਣ ਦਾ ਲੈ ਲਿਆ ਬਚਨ, ਅਕਾਲ ਪੁਰਖ ਨੂੰ ਕਿਸੇ ਵੀ ਕੀਮਤ ਤੇ ਮਨਜ਼ੂਰ ਨਹੀਂ ਸੀ ਅਤੇ ਉਹ ਆਪਣੀ ਮੌਜ ਉਤੇ ਪ੍ਰਗਟਾਈ ਆਪਣੀ ਫੌਜ, ਖਾਲਸਾ ਪੰਥ ਦੀ ਭਾਰਤ ਦੇ ਨਾਲ ਰਹਿਣ ਦੇ ਦਿੱਤੇ ਬਚਨਾਂ ਤੋਂ ਮੁਕਤੀ ਚਾਹੁੰਦਾ ਸੀ ਤਾਂ ਕਿ ਉਸ ਵਲੋਂ ਆਪਣੀ ਮੱਤ, ਆਪਣੀ ਬੁਧ ਦੇ ਪ੍ਰਤੀਕ ਪ੍ਰਗਟਾਏ ਖਾਲਸੇ, ਉਸ ਵੱਲੋਂ ਜ਼ਿਮੇ ਲਾਏ ਮਿਸ਼ਨ ਦੀ ਪੂਰਤੀ ਵੱਲ ਨੂੰ ਤੁਰ ਸਕਣ। ਇਸ ਲਈ ਹੀ ਜੂਨ ਚੌਰਾਸੀ ਦੇ ਸ਼ਹੀਦਾਂ ਦੇ ਬੋਲ ਸਨ " ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦਾ ਧਾਵਾ, ਖਾਲਿਸਤਾਨ ਦਾ ਨੀਂਹ ਪੱਥਰ ਹੋਏਗਾ। "

ਇੰਦਰਾ ਗਾਂਧੀ ਵੱਲੋਂ ਜੂਨ ਚੌਰਾਸੀ ਦਾ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦਆਰਾ ਬੋਲਿਆ ਧਾਵਾ, ਸਿਖ ਕੌਮ ਦੇ ਆਜਾਦ ਘਰ ਖਾਲਿਸਤਾਨ ਦਾ, ਜੂਨ ਚੌਰਾਸੀ ਦੇ ਸ਼ਹੀਦਾਂ ਵੱਲੋਂ ਗੁਰੂ ਹੁਕਮੀ, ਆਪਣੀਆਂ ਸਿਖੀ ਸਿਦਕ ਸੰਗ ਅਡੋਲ ਸ਼ਹਾਦਤਾਂ, ਸ਼ਹੀਦੀਆਂ ਨਾਲ ਧਰਿਆ ਨੀਂਹ ਪੱਥਰ ਹੈ ਅਤੇ ਇਸ ਉਤੇ ਆਜਾਦੀ ਦਾ ਮਹਿਲ ਉਸਾਰਨਾਂ, ਜੂਨ ਚੌਰਾਸੀ ਤੋਂ ਹੀ ਦਾਸ ਲਈ ਅਕਾਲ ਪੁਰਖ ਦਾ ਅਟੱਲ ਹੁਕਮ ਹੈ, ਰਜਾ ਹੈ ਜਿਸ ਦੀ ਪਾਲਣਾਂ ਇਸ ਆਤਮਾਂ ਦਾ ਉਤਮ, ਪਵਿਤ੍ਰ ਫਰਜ, ਧਰਮ, ਕਰਮ ਅਤੇ ਜੀਵਣਾਂ ਹੈ।

ਸੋ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦਆਰਾ ਬੋਲੇ ਧਾਵੇ ਤੋਂ ਲੈਕੇ ਹੁਣ ਤੱਕ ਇਸ ਆਤਮਾਂ ਨੇ ਨਿਜੀ ਤੌਰ ਉਤੇ ਉਪਰ ਵਰਨਣ ਧਾਰਨਾਂ ਨੂੰ ਹੀ ਕਬੂਲ ਕੀਤਾ ਅਤੇ ਇਹ ਹੀ ਧਾਰਨਾਂ ਕਾਵਿ ਸੰਗ੍ਰਹਿ ਜਾਲਮ ਨੂੰ ਵੰਗਾਰ ਵਿਚ ਅੰਕਤ ਹੋਈ। ਇਹ ਹੀ ਧਾਰਨਾਂ 1994 ਤੋਂ ਪ੍ਰੈਸ ਸਕੱਰਤ ਹੁੰਦਿਆਂ ਦਾਸ ਦੇ ਅਸਤੀਫੇ ਤੱਕ, ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਦੀ ਰਹੀ ਅਤੇ ਇਹ ਹੀ ਧਾਰਨਾਂ ਇਥੋਂ ਆਪਣੇ ਧਰਮ ਅਤੇ ਕੌਮ ਦੀ ਸੇਵਾ ਦਾ ਅਧਾਰ ਬਣੀ।

ਜੂਨ ਚੌਰਾਸੀ ਦੇ ਸ਼ਹੀਦਾਂ ਵੱਲੋਂ ਗੁਰੂ ਹੁਕਮੀਂ ਆਪਣੀਆਂ ਅਡੋਲ ਸ਼ਹਾਦਤਾਂ, ਸ਼ਹੀਦੀਆਂ ਨਾਲ ਧਰੇ ਨੀਂਹ ਪੱਥਰ ਉਤੇ ਆਜਾਦੀ ਦਾ ਮਹੱਲ ਉਸਾਰਨ ਲਈ ਹੀ ਹੁਣ ਤੱਕ ਆਪਣੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਹਨ, ਗੁਰੂ ਅੱਗੇ ਸਾਡੀਆਂ ਕੀਤੀਆਂ ਅਰਦਾਸਾਂ ਹਨ, ਪੰਥ ਨਾਲ ਸਾਡੇ ਕੀਤੇ ਪ੍ਰਣ ਹਨ ਅਤੇ ਆਪਣੇ ਸ਼ਹੀਦਾਂ ਨਾਲ ਕੀਤੇ ਸਾਡੇ ਇਕਰਾਰ ਹਨ, ਵਾਇਦੇ ਹਨ।

1989 ਵਿਚ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨੂੰ ਜਰਮਨੀ ਵਿਚ ਸਿਖਾਂ ਦੀ ਧਾਰਮਿਕ ਅਤੇ ਰਾਜਨੀਤਕ ਜਥੇਬੰਦੀ ਦੇ ਰੂਪ ਵਿਚ ਜਿਸ ਦਾ ਮੁੱਖ ਨਿਸ਼ਾਂਨਾਂ ਖਾਲਿਸਤਾਨ ਦੀ ਪ੍ਰਾਪਤੀ ਹੈ ਅਤੇ ਸਿਖ ਧਰਮ ਦਾ ਪ੍ਰਚਾਰ ਹੈ, ਇਥੋਂ ਦੇ ਕਾਨੂੰਨ ਮੁਤਾਬਕ ਰਜਿਸਟ੍ਰ ਕਰਵਾਇਆ ਅਤੇ 1994 ਤੋਂ ਆਪਣੇ ਧਰਮ, ਕੌਮ ਅਤੇ ਆਪਣੇ ਵਤਨ ਖਾਲਿਸਤਾਨ ਦੀ ਆਜਾਦੀ ਲਈ ਇਸ ਨੂੰ ਹੋਰ ਵੀ ਸਰਗ੍ਰਮ ਕਰਦਿਆਂ ਸਿਖ ਧਰਮ ਵਾਰੇ, ਸਿਖ ਕੌਮ ਵਾਰੇ, ਇਸ ਦੇ ਇਤਿਹਾਸ ਵਾਰੇ, ਸਿਖ ਕੌਮ ਦੀ ਜੰਜੂ ਤਿਲਕ ਲਈ ਅਤੇ ਭਾਰਤ ਦੀ ਆਜਾਦੀ ਲਈ ਕੁਰਬਾਨੀ ਵਾਰੇ, ਆਜਾਦੀ ਦੇ ਮਗਰੋਂ ਭਾਰਤੀ ਹਾਕਮਾਂ ਦੇ ਵਿਸ਼ਵਾਸਘਾਤ ਵਾਰੇ ਅਤੇ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦਆਰਾ ਧਾਵੇ ਨਾਲ ਸਿਖ ਕੌਮ ਵੱਲੋਂ ਨੀਅਤ ਕੀਤੀ ਆਪਣੀ ਮੰਜਿਲ, 'ਆਜਾਦ ਵਤਨ' ਵਾਰੇ, ਤੱਥਾਂ ਸਮੇਤ ਤਕਰੀਬਨ 70 ਸਫੇ ਜਰਮਨ ਭਾਸ਼ਾ ਵਿਚ ਤਿਆਰ ਹੋਏ। ਇਨਾਂ ਨਾਲ ਹੋਰ ਦਸਤਾਵੇਜ਼ ਲੱਗਕੇ ਇਥੇ ਸਰਕਾਰੀਂ ਦਰਬਾਰੀਂ, ਯੂ ਐਨ ਓ, ਸੰਸਾਰਕ ਭਾਈਚਾਰੇ ਅੱਗੇ ਅਤੇ ਇਸ ਦੀ ਅਗਵਾਈ ਕਰ ਰਹੇ ਦੇਸ਼ਾਂ ਅੱਗੇ ਰੱਖ ਹੋਣ ਲੱਗੇ। ਇਸ ਨਾਲ ਸੰਸਾਰਕ ਭਾਈਚਾਰੇ ਨੂੰ, ਇਥੋਂ ਦੇ ਲੋਕਾਂ ਅਤੇ ਸਰਕਾਰੀ ਅਦਾਰਿਆਂ ਨੂੰ ਜਥੇਬੰਦੀ ਦੇ ਬੇਖੌਫ ਅਤੇ ਸਪਸ਼ਟ ਸਟੈਂਡ ਤੋਂ ਪਤਾ ਲੱਗਾ ਕਿ ਸਾਡਾ ਸਿਖਾਂ ਦਾ ਸੰਘਰਸ਼ ਆਪਣੀ ਕੌਮ ਦਾ ਹੱਕ, ਆਜਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਤੱਕ ਹੈ ਅਤੇ ਇਸ ਖਿੱਤੇ ਵਿਚ ਸਦੀਵੀ ਸ਼ਾਂਤੀ ਲਈ ਬੁਨਿਆਦ, ਇਹ ਸੁਝਾ ਰੱਖਿਆ ਗਿਆ ਅਤੇ ਇਸੇ ਸੁਝਾ ਦੀ ਨੈਤਿਕ ਹਮਾਇਤ ਮੰਗੀ ਗਈ: ਭਾਰਤ ਦੀ ਵੰਡ ਤੋਂ ਲੈਕੇ ਹੁਣ ਤੱਕ ਆਪਣੀ ਆਜਾਦੀ ਲਈ ਸੰਘਰਸ਼ ਕਰਦੀਆਂ ਆ ਰਹੀਆਂ ਕੌਮਾਂ, ਸਮੇਤ ਸਿੱਖਾਂ, ਕਸ਼ਮੀਰੀਆਂ ਨੂੰ ਆਜਾਦ ਕਰ ਦਿੱਤਾ ਜਾਵੇ। ਬ੍ਰਾਹਮਣ ਹਿੰਦੂ ਵੀ, ਜੋ ਇਸ ਨਾਲ ਇਸ ਦੇ ਦੇਸ਼ ਵਿਚ ਹੋਰ ਰਹਿਣਾਂ ਚਾਹੇ, ਨੂੰ ਨਾਲ ਲੈਕੇ ਆਪਣੇ ਆਜਾਦ ਦੇਸ਼ ਵਿਚ, ਅਪਣੇ ਲੋਕਾਂ ਵਿਚ, ਆਪਣੀ ਮਨਮਰਜੀ ਦਾ ਰਾਮਰਾਜ ਮਾਣੇਂ ਅਤੇ ਇਨਾਂ ਸਭਨਾਂ ਨਵੇਂ ਹੋਂਦ ਵਿਚ ਆਏ ਦੇਸ਼ਾਂ ਦਾ ਆਪਸ ਵਿਚ ਸ਼ਾਂਤੀ ਸਮਝੌਤਾ ਹੋ ਜਾਣਾਂ।

ਸੰਸਾਰਕ ਭਾਈਚਾਰੇ ਅੱਗੇ ਅਤੇ ਇਸ ਦੀ ਅਗਵਾਈ ਕਰ ਰਹੇ ਦੇਸ਼ਾਂ ਅੱਗੇ ਰੱਖੇ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਕਿ ਅਸੀਂ ਭਾਰਤ ਦੀਆਂ ਆਜਾਦੀ ਮੰਗਦੀਆਂ ਹੋਰ ਕੌਮਾਂ ਦੀ ਆਜਾਦੀ ਦੇ ਨਾਲ ਨਾਲ ਸੰਸਾਰ ਦੀਆਂ ਹੋਰ ਆਜਾਦੀ ਲਈ ਹੱਕੀ ਸੰਘਰਸ਼ ਕਰਦੀਆਂ ਕੌਮਾਂ ਫਲਸਤੀਨੀਆਂ, ਕੁਰਦੀਆਂ ਅਤੇ ਚੁਚੇਨੀਅਨ ਦੇ ਲੋਕਾਂ ਦੀ ਆਜਾਦੀ ਦੀ ਵੀ ਸੰਸਾਰਕ ਭਾਈਚਾਰੇ ਤੋਂ ਨੈਤਿਕ ਹਮਾਇਤ ਦੀ ਮੰਗ ਕਰਦੇ ਹਾਂ। ਇਨਾਂ ਹੀ ਨਹੀ ਸਗੋਂ ਇਜਰਾਇਲ ਦੀ ਅਨਿਆਈ ਸਰਕਾਰ ਨੂੰ ਫਲਸਤੀਨੀਆਂ ਦੀ, ਤੁਰਕੀ ਦੀ ਸਰਕਾਰ ਨੂੰ ਕੁਰਦੀਆਂ ਦੀ ਅਤੇ ਰੂਸਲੈਂਡ ਦੀ ਸਰਕਾਰ ਨੂੰ ਚੁਚੇਨੀਅਨ ਦੀ ਆਜਾਦੀ ਦੇ ਮਸਲਿਆਂ ਨੂੰ ਸ਼ਾਂਤ ਪੂਰਵਕ ਹੱਲ ਕਰਨ ਦੀਆਂ ਲਿਖਤੀ ਬੇਨਤੀਆਂ ਵੀ ਕੀਤੀਆਂ ਗਈਆਂ।

ਭਾਰਤ ਵਿਚ ਹੋ ਰਹੇ ਮਨੁੱਖੀ ਘਾਤ ਦੀਆਂ, ਇਨਸਾਨ ਨੂੰ ਟੌਰਚਰ ਕਰਨ ਦੇ ਢੰਗ ਤਰੀਕਿਆਂ ਦੀਆਂ ਅਤੇ ਪੰਥ ਦੀ ਚੜ੍ਹਦੀ ਕਲਾ ਦੀਆਂ ਸੈਂਕੜੇ ਰਿਪੋਰਟਾਂ ਨੂੰ ਜਰਮਨ ਭਾਸ਼ਾਂ ਵਿਚ ਵਿਸ਼ਾਲ ਪੱਧਰ ਉਤੇ ਅਨੁਵਾਦ ਕਰਵਾਕੇ, ਇਥੇ ਸਰਕਾਰੀਂ, ਦਰਬਾਰੀਂ ਅਤੇ ਯੂ ਐਨ ਓ ਅੱਗੇ ਰੱਖਿਆ। ਇਥੇ ਆਮ ਲੋਕਾਂ ਦੀ ਜਾਣਕਾਰੀ ਲਈ ਪ੍ਰਦਰਸ਼ਨੀਆਂ ਲਾਉਣ ਦੀ ਅਤੇ ਘਰਾਂ ਵਿਚ ਪੇਪਰ ਪਾਉਣ ਦੀ ਪਿਰਤ ਪਈ। ਅਮਰੀਕਾ ਦੇ ਟਰੇਡ ਸੈਂਟਰਾਂ ਅਤੇ ਪੈਂਟਾਗੌਨ ਉਤੇ 11 ਸਤੰਬਰ 2001 ਨੂੰ ਅਲਕਾਇਦਾ ਦੇ ਖਾੜਕੂਆਂ ਵਲੋਂ ਹੋਏ ਹਮਲੇ ਮਗਰੋਂ ਹੋਰ ਵੀ ਵਿਸ਼ਾਲ ਪੱਧਰ ਉਤੇ ਲਗਾਈਆਂ ਪ੍ਰਦਰਸ਼ਨੀਆਂ ਦੁਆਰਾ ਮੁਖ ਤੋਰ ਉਤੇ ਇਹ ਪ੍ਰਚਾਰਿਆ ਗਿਆ ਕਿ ਅਸੀਂ ਨਾ ਹਿੰਦੂ ਹਾਂ ਅਤੇ ਨਾਂ ਹੀ ਇਸਲਾਮ ਨੂੰ ਮੰਨਣ ਵਾਲੇ ਅਰਬੀ ਜਾਂ ਤਾਲੀਵਾਨ ਹਾਂ। ਸਗੋਂ ਪੂਰਨ ਰੂਪ ਵਿਚ ਆਜਾਦ, ਨਿਆਰੇ ਅਤੇ ਸੰਪੂਰਨ ਸਿਖ ਧਰਮ ਨੂੰ ਮੰਣਨ ਵਾਲੀ ਸਿਖ ਕੌਮ ਨਾਲ ਸਬੰਧਤ ਸਿਖ ਹਾਂ। ਇਥੋਂ ਦੇ ਆਮ ਲੋਕਾਂ ਨੂੰ, ਪ੍ਰੈਸ ਨੂੰ ਅਤੇ ਅੰਤਰਰਾਸ਼ਟਰੀ ਖਬਰ ਏਜੰਸੀਆਂ ਨੂੰ ਆਪਣੇ ਧਰਮ, ਕੌਮ, ਸੰਘਰਸ਼ ਅਤੇ ਰਾਸ਼ਟਰੀ, ਅੰਤਰਰਾਸ਼ਟਰੀ ਮਸਲਿਆਂ ਵਾਰੇ ਆਪਣੀ ਆਜਾਦ ਰਾਏ ਤੋਂ ਵਕਤ ਵਕਤ ਸਿਰ ਜਾਣੂੰ ਕਰਵਾਣ ਦਾ ਗੁਰੂ ਆਸਰੇ ਸਿਲਸਲਾ ਸ਼ੁਰੂ ਹੋਇਆ।

ਉਹ ਜਥੇਬੰਦੀ ਜਿਸ ਨੂੰ ਪੱਛਮ ਦੇ ਦੇਸ਼ਾਂ ਵਲੋਂ ਅਤਿਵਾਦੀ ਦੇ ਰੂਪ ਵਿਚ ਹੁਣ ਤੱਕ ਪ੍ਰਚਾਰਿਆ ਅਤੇ ਸਵਿਕਾਰਿਆ ਜਾ ਰਿਹਾ ਸੀ, ਉਸ ਦਾ ਅਕਸ ਇਕ ਧਾਰਮਿਕ ਅਤੇ ਰਾਜਨੀਤਕ ਸਿਖ ਸੰਸਥਾ ਦੇ ਰੂਪ ਵਿਚ ਸਥਾਪਤ ਹੋਇਆ। ਸਿੰਘਾਂ ਦੇ ਸ਼ਰਨਾਰਥੀ ਕੇਸਾਂ ਦੀ ਪੈਰਵਾਈ ਨੂੰ ਵੀ ਆਪਣੇ ਧਰਮ, ਕੌਮ, ਸੰਘਰਸ਼ ਅਤੇ ਭਾਰਤ ਵਿਚ ਮਨੁੱਖੀ ਹੱਕਾਂ ਦੇ ਹੋ ਰਹੇ ਘਾਤ ਨੂੰ ਪ੍ਰਚਾਰਨ ਲਈ ਵਰਤਿਆ ਗਿਆ ਅਤੇ ਹੁਣ ਤੱਕ ਜਥੇਬੰਦੀ ਨਾਲ ਅਤੇ ਹੋਰ ਸਿਖ ਜਥੇਬੰਦੀਆਂ ਨਾਲ ਸਬੰਧਤ ਅਨੇਕਾਂ ਸ਼ਰਨਾਰਥੀ ਸਿੰਘ ਹਮੇਸ਼ਾਂ ਹਮੇਸ਼ਾਂ ਲਈ ਭਾਰਤੀ ਹਕੂਮਤ ਦੀ ਪਹੁੰਚ ਤੋਂ ਦੂਰ, ਇਥੇ ਜਰਮਨ ਵਿਚ ਰਹਿ ਸਕਣ ਦੇ ਹੱਕਦਾਰ ਹੋਏ।

ਭਾਵੇ ਕਿ ਸਾਡੇ ਲਈ ਸਾਡੇ ਸੰਗੀ ਸਾਥੀ ਮਿਤਰ ਪਿਅਰੇ ਖਾਲਿਸਤਾਨ ਦੀ ਆਜਾਦੀ ਲਈ ਸ਼ਰੇਆਮ ਨਿਤਰੇ ਇਨਕਲਾਬੀ ਪ੍ਰਵਾਨੇ ਹੀ ਹਨ ਪਰ ਫਿਰ ਵੀ ਜਿਸ ਨੇ ਵੀ ਇਸ ਪਾਸੇ ਵੱਲ ਜਾਂ ਧਰਮ ਦੇ ਖੇਤਰ ਵਿਚ ਕੋਈ ਚੜ੍ਹਦੀ ਕਲਾ ਵਾਲਾ ਉਪਰਾਲਾ ਕੀਤਾ, ਅਸੀਂ ਉਸ ਨੂੰ ਕੀਤੇ ਸ਼ੁਭ ਕਰਮਨ ਲਈ ਸਲਾਹਿਆ, ਵਡਿਆਇਆ, ਸ਼ਾਬਾਸ਼ ਦਿੱਤੀ ਅਤੇ ਉਸ ਦੇ ਨਾਲ ਹੋਕੇ ਵਤਨ ਦੀ ਆਜਾਦੀ ਲਈ ਹਰ ਕੁਰਬਾਨੀ ਦਾ ਵਾਅਦਾ ਦਿੱਤਾ।

ਇਸ ਦੇ ਨਾਲ ਨਾਲ ਆਪਣੇ ਪੰਥ ਨੂੰ ਇਹ ਵੀ ਸਪਸ਼ਟ ਕੀਤਾ ਕਿ ਅਗਰ ਅੱਜ ਕੋਈ ਆਪਣੇ ਆਪਨੂੰ ਸਿਖ ਕਹਾਉਂਦਾ ਹੋਇਆ, ਆਪਣੇ ਹੀ ਸਿਖ ਭਾਈਆਂ ਵੱਲੋਂ ਜਮਹੂਰੀ ਢੰਗ ਨਾਲ ਦੇਸ਼ ਵੇਦੇਸ਼ ਵਿਚ ਖਾਲਿਸਤਾਨ ਦੀ ਉਠਾਈ ਜਾ ਰਹੀ ਮੰਗ ਨੂੰ ਕੁਝ ਸਿਰ ਫਿਰਿਆਂ ਵੱਲੋਂ ਮੁੜ ਪੰਜਾਬ ਅਤੇ ਭਾਰਤ ਦੀ ਸ਼ਾਂਤੀ ਨੂੰ ਭੰਗ ਕਰਨਾਂ ਕਹਿ ਕੇ ਭੰਡਦਾ ਹੈ ਤਾਂ ਇਹ ਗੁਰੂ ਦੇ ਸੱਚੇ ਸੁੱਚੇ ਸਿਖ ਦਾ ਨਹੀ, ਕਿਸੇ ਭੇਖੀ ਕਲਜੁਗੀ, ਸ਼ਕਲੋਂ ਸਿਖ ਦਾ ਕਾਰਾ ਹੀ ਹੋ ਸਕਦਾ ਹੈ। ਜਿਸ ਵੱਲੋਂ ਆਪਣੇ ਧਰਮ ਅਤੇ ਕੌਮ ਦੀ ਆਜਾਦੀ ਦੇ ਗੁਰੂ ਹੁਕਮ ਨੂੰ ਸਿਖੀ ਕਿਰਦਾਰ ਨਾਲ ਨਿਭਾ ਸਕਣ ਦੀ ਬਜਾਏ, ਆਪਣੇ ਆਪਨੂੰ ਪਗੜੀਧਾਰੀ ਹਿੰਦੂਆਂ ਵਿਚ ਬਦਲਕੇ, ਬਿਪਰਨ ਦਿੱਲੀ ਤਖਤ ਦੀ ਗੁਲਾਮੀ ਵਿਚ ਹੀ ਦਿਨ ਕਟੀ ਕਰਨ ਨੂੰ ਜਿੰਦਗੀ ਸਮਝ ਲਿਆ ਹੈ।

ਜਨਵਰੀ 2000 ਨੂੰ ਇਕ ਫੋਨ ਆਉਂਦਾ ਹੈ। ਇਹ ਫੋਨ ਯੂ ਐਨ ਓ ਦੇ ਜਰਮਨੀ ਦੀ ਰਾਜਧਾਨੀ ਬਰਲੀਨ ਵਿਚ ਸਥਿਤ ਦਫਤਰ ਵਲੋਂ ਸੀ ਅਤੇ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਦੀਆਂ ਇਥੇ ਅਤੇ ਭਾਰਤ ਵਿਚ ਗਤੀਵਿਧੀਆਂ ਨੂੰ ਜਾਨਣ ਦੀ ਇੱਛਾ ਪ੍ਰਗਟਾਈ ਗਈ ਸੀ। ਦਾਸ ਵੱਲੋਂ ਉਨਾਂ ਨੂੰ ਇਹ ਹੀ ਇੱਛਾ, ਲਿਖਤੀ ਰੂਪ ਵਿਚ ਫਕਸ ਦੁਅਰਾ ਭੇਜਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜੋ ਉਨਾਂ ਵਲੋ ਕੁਝ ਦੇਰ ਵਿਚ ਹੀ ਪੂਰੀ ਕਰਕੇ ਫਕਸ ਭੇਜ ਦਿੱਤੀ ਗਈ। 1994 ਤੋਂ 1999 ਤੱਕ ਦਾ ਜਥੇਬੰਦੀ ਵਲੋਂ ਕਿਹਾ, ਕੀਤਾ ਅਤੇ ਪੰਥ ਨਾਲ ਬਦੀ ਦੇ ਪ੍ਰਤੀਕ ਅਕ੍ਰਿਤਘਣ ਵੱਲੋਂ ਹੋਇਆ, ਤਮਾਂਮ ਫਾਇਲਾਂ ਵਿਚ ਤਰਤੀਬ ਦੇਕੇ ਯੂ ਐਨ ਓ ਦੇ ਦਫਤਰ ਬਰਲੀਨ ਨੂੰ ਪਹੁੰਚਦਾ ਕੀਤਾ ਗਿਆ। ਭਾਵੇ ਕਿ ਯੂ ਐਨ ਓ ਵੱਲੋਂ ਕਿਸੇ ਸਿੱਟੇ ਤੇ ਪਹੁੰਚਣ ਲਈ ਇਸ ਭੇਜੇ ਨੂੰ ਕਾਫੀ ਅਤੇ ਅਗਲੀ ਮੰਗ ਤੱਕ ਹੋਰ ਨਾ ਭੇਜਣ ਲਈ ਕਹਿ ਦਿੱਤਾ ਗਿਆ ਸੀ ਪਰ ਇਸ ਮਗਰੋਂ ਵੀ ਜਥੇਬੰਦੀ ਨੇ ਜੋ ਅਤਿ ਜਰੂਰੀ ਜਾਣਿਆ, ਉਹ ਸਮੇਂ ਸਮੇਂ ਸਿਰ ਯੂ ਐਨ ਓ ਦੇ ਬਰਲੀਨ ਦਫਤਰ ਨੂੰ ਪਹੁੰਚਦਾ ਕੀਤਾ ਜਾਂਦਾ ਰਿਹਾ ਅਤੇ ਉਹ ਭੇਜੇ ਨੂੰ ਸਤਿਕਾਰ ਸਹਿਤ ਸਵਿਕਾਰ ਕਰਦੇ ਰਹੇ।

ਜਥੇਬੰਦੀ ਵੱਲੋ ਭਾਵੇ ਜਰੂਰੀ ਲਿਖਤੀ ਕਹੇ ਨੂੰ ਜਿਥੇ ਸਮੇਂ ਸਮੇਂ ਸਿਰ ਜਰਮਨ ਸਰਕਾਰ ਨੂੰ ਪਹੁੰਚਦਾ ਕੀਤਾ ਉਥੇ 1994 ਤੋਂ ਮਾਰਚ 2003 ਤੱਕ ਦੇ ਨੂੰ ਕੁਝ ਫਾਇਲਾਂ ਦੇ ਰੂਪ ਵਿਚ ਤਰਤੀਬ ਦੇ ਕੇ ਜਰਮਨ ਸਰਕਾਰ ਦੇ ਨੁਮਾਇੰਦਿਆਂ ਅੱਗੇ ਰੱਖਿਆ ਗਿਆ। ਅਪਰੈਲ 2003 ਤੋਂ 13 ਮਾਰਚ 2004 ਅਤੇ ਨਾਨਕਸ਼ਾਹੀ ਕਲੰਡਰ ਮੁਤਾਬਕ ੧ ਚੇਤ ਸੰਮਤ ੫੩੬ ਭਾਵ 14 ਮਾਰਚ 2004 ਤੋਂ 23 ਅਗਸਤ 2004 ਤੱਕ ਦੇ ਕਹੇ, ਕੀਤੇ ਨੂੰ ਛੇਤੀਂ ਹੀ ਦੋ ਫਾਇਲਾਂ ਵਿਚ ਤਰਤੀਬ ਦੇਕੇ ਜਰਮਨ ਸਰਕਾਰ ਦੇ ਨੁਮਾਇੰਦਿਆਂ ਅੱਗੇ ਅਤੇ ਕਈ ਹੋਰ ਸੰਸਥਾਵਾਂ ਅੱਗੇ ਰੱਖਿਆ ਜਾ ਰਿਹਾ ਹੈ।

ਏਸ਼ੀਆ ਵਾਰੇ ਜਾਣਕਾਰੀ ਇਕੱਤ੍ਰ ਕਰਨ ਵਾਲੇ ਜਰਮਨੀ ਦੇ ਇਕ ਉਚ ਅਦਾਰੇ ਵੱਲੋਂ ਆਪਣੀ ਹੁਣ ਤੱਕ ਦੀ ਤਾਜਾ ਰਿਪੋਰਟ ਵਿਚ ਇਹ ਭੇਦ ਵੀ ਖੋਲਿਆ ਹੈ ਕਿ ਭਾਰਤੀ ਸਰਕਾਰ ਦਾ ਇਕ ਅਦਾਰਾ, ਜਰਮਨੀ ਵਿਚ ਹੋ ਰਹੀਆਂ ਸਿਖਾਂ ਵੱਲੋਂ ਗਤੀਵਿਧੀਆਂ ਉਤੇ ਪੂਰੀ ਨਜ਼ਰ ਰਖਦਾ ਹੈ ਅਤੇ ਇਨਾਂ ਨੂੰ ਨੋਟ ਕਰਦਾ ਹੈ ਤਾਂ ਜੋ ਇਨਾਂ ਗਤੀਵਿਧੀਆਂ ਵਿਚ ਸ਼ਾਮਿਲ ਕੋਈ ਸਿਖ ਜੇ ਭਾਰਤ ਵਿਚ ਪੁਲੀਸ ਦੇ ਹੱਥ ਆਉਦਾ ਹੈ ਤਾਂ ਉਸ ਉਤੇ ਕੇਸ ਪਾਕੇ ਅਦਾਲਤਾਂ ਵਿਚ ਖੜ੍ਹਾ ਕੀਤਾ ਜਾ ਸਕੇ।

ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਵੱਲੋਂ 1994 ਤੋਂ ਅਗਸਤ 2004 ਤੱਕ ਪੰਥ ਦੀ ਆਜਾਦੀ ਲਈ ਕਹੇ ਅਤੇ ਕੀਤੇ ਨਾਲ ਸਬੰਧਤ ਵਿਚੋਂ ਕੁਛ ਇਕ ਜਰੂਰੀ ਨੂੰ ਅਪਣੇ ਖਾਲਸਾ ਪੰਥ ਦੇ ਅੱਗੇ ਰੱਖਣ ਲਈ ਚੁਣਿਆਂ ਹੈ ਜਿਸ ਨੂੰ ਇਕ ਫਾਇਲ ਵਿਚ ਕਰਕੇ ਕੁਝ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਜਥੇਬੰਦੀ ਦੇ ਸਵਿਧਾਨ ਵਿਚ ਲੱਗੇ ਕੁਝ ਨੰਬਰਾਂ ਵਿਚੋਂ ਕੁਝ ਜਰੂਰੀ ਸਫਿਆਂ ਨੂੰ ਲਿਆ ਗਿਆ ਹੈ ਜੋ ਜਥੇਬੰਦੀ ਦੇ ਨੀਤੀ ਬਿਆਨ ਹਨ।

ਦੂਜੇ ਭਾਗ ਵਿਚ ਜਰਮਨ ਸਰਕਾਰ ਨਾਲ ਹੋਏ ਪੱਤਰ ਵਿਹਾਰ ਵਿਚੋਂ ਕੁਝ ਇਕ ਜਰੂਰੀ ਦਸਤਾਵੇਜ਼ ਹਨ ਜਿਨਾਂ ਵਿਚ ਭਾਈ ਦਵਿੰਦਰਪਾਲ ਸਿੰਘ ਭੁੱਲਰ ਨੂੰ ਸੁਣਾਈ ਫੰਸੀ ਦੀ ਸਜਾ ਵਾਰੇ ਲਿਖੇ ਖਤ ਵੀ ਸ਼ਾਮਿਲ ਹਨ।

ਭਾਗ ਤੀਜੇ ਵਿਚ ਯੂ ਐਨ ਓ ਨਾਲ ਖਤ ਪੱਤਰ, ਅਮਰੀਕਾ ਦੇ ਸਾਬਕਾ ਪ੍ਰਧਾਨ ਬਿਲ ਕਲਿੰਟਨ ਨੂੰ ਅਤੇ 11 ਸਤੰਬਰ 2001 ਤੋਂ ਅਮਰੀਕਾ ਸਰਕਾਰ ਨਾਲ ਖਤ ਪੱਤਰ, ਇਜ਼ਰਾਇਲ, ਤੁਰਕੀ, ਰਸ਼ੀਆ ਦੀ ਸਰਕਾਰ ਨੂੰ ਖਤ, ਇੰਗਲੈਡ ਦੀ

ਟੋਨੀ ਬਲੇਅਰ ਦੀ ਅਗਵਾਈ ਵਿਚ ਸੋਸ਼ਲਿਸਟ ਸਰਕਾਰ ਦੇ ਹੋਂਦ ਵਿਚ ਆਉਣ ਉਤੇ ਵਧਾਈ ਖਤ ਅਤੇ ਕੁਝ ਹੋਰ ਜਰੂਰੀ ਖਤ ਪੱਤਰ ਹਨ।
ਭਾਗ ਚੌਥੇ ਵਿਚ ਭਾਰਤ ਦੇ ਇਕ ਸਿਖ ਪ੍ਰਧਾਨ ਮੰਤਰੀ ਬਣ ਜਾਣ ਤੱਕ, ਭਾਰਤ ਦੀ ਸਰਕਾਰ ਨੂੰ ਕਹੇ ਵਿਚੋਂ ਕੁਝ ਜਰੂਰੀ ਨੂੰ ਰੱਖਿਆ ਗਿਆ ਹੈ। ਇਹ ਲਿਖਤੀ ਕਿਹਾ ਜਿਥੇ ਭਾਰਤ ਦੇ ਰਾਸ਼ਟਰਪਤੀ ਦੁਆਰਾ ਭਾਰਤ ਦੀ ਸਰਕਾਰ ਲਈ ਪਹਿਲੋਂ ਹੀ ਪਹੁੰਚਦਾ ਕੀਤਾ ਹੋਇਆ ਹੈ ਉਥੇ ਇਸ ਨੂੰ ਉਚੇਚੇ ਤੌਰ ਤੇ ਜਰਮਨ ਸਰਕਾਰ ਅਤੇ ਯੂ ਐਨ ਓ ਦੀ ਜਾਣਕਾਰੀ ਲਈ ਵੀ ਇਨਾਂ ਤੱਕ ਪਹੁੰਚਦਾ ਕੀਤਾ ਗਿਆ।
ਭਾਗ ਪੰਜ, ਪੰਥਕ ਕਾਰਜਾਂ ਲਈ ਰਾਜਨੀਤਕ ਸਿਖ ਨੇਤਾਵਾਂ ਨਾਲ ਕੀਤੇ ਲਿਖਤੀ ਸੰਪ੍ਰਕ ਨਾਲ ਸਬੰਧਤ ਹੈ।
ਭਾਗ ਛੇਅ ਵਿਚ ਲਗਾਈਆਂ ਸੈਕੜੇ ਪ੍ਰਦਰਸ਼ਨੀਆਂ ਵਿਚੋਂ ਨਮੂੰਨੇ ਵਜੋਂ ਕੁਝ ਇਕ ਦਾ ਜਿਕਰ ਹੈ ਅਤੇ ਨਮੂੰਨੇ ਵਜੋਂ ਹੀ ਇਕ ਸ਼ਰਨਾਰਥੀ ਕੇਸ ਦੀ ਕੀਤੀ ਗਈ ਲਿਖਤੀ ਪੈਰਵਾਈ ਨਾਲ ਸਬੰਧਤ ਦਸਤਾਵੇਜ਼ ਹਨ।
ਭਾਗ ਸੱਤ ਵਿਚ 11 ਸਤੰਬਰ 2001 ਤੋਂ ਜਥੇਬੰਦੀ ਵਲੋਂ ਸ਼ੁਰੂ ਹੋਏ ਤਿੰਨ ਉਦਮਾਂ ਦਾ ਜ਼ਿਕਰ ਹੈ ਪਰ ਜੋ ਅਜੇ ਅਧੂਰੇ ਪਏ ਨੇ। ਪਹਿਲਾ ਪੰਥ ਵਲੋਂ ਸਾਂਝੇ ਤੌਰ ਤੇ ਆਪਣੇ ਨਾਲ ਹੋਏ ਨੂੰ ਅਤੇ ਆਪਣੀ ਮੰਜ਼ਲ ਨੂੰ ਅੰਕਤ ਕਰਕੇ, ਸੰਸਾਰਕ ਭਾਈਚਾਰੇ ਅੱਗੇ ਰੱਖਕੇ ਸੰਘਰਸ਼ ਨੂੰ ਪ੍ਰਚੰਡ ਕਰਨ ਵਾਰੇ ਹੈ। ਦੂਜਾ ਵਦੇਸ਼ਾਂ ਵਿਚ ਸਿਖ ਕਕਾਰਾਂ ਦੀ ਆਜਾਦੀ ਨਾਲ ਸਬੰਧਤ ਹੈ। ਤੀਜਾ ਸੰਸਾਰ ਦੇ ਇਸ ਮਿਹਣੇ ਨੂੰ ਧੋਣ ਵਾਰੇ ਹੈ ਕਿ ਸਿਖਾਂ ਨੂੰ ਖੁਦ ਹੀ ਨਹੀਂ ਪਤਾ ਕਿ ਉਨਾਂ ਦੇ ਪਵਿਤ੍ਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਜ ਦਾ ਕੀ ਮਤਲਬ ਹੈ।
ਭਾਵੇਂ ਕਿ ਦਾਸ ਦੇ ਸੇਵਾ ਕਾਲ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਵੱਲੋਂ ਕਹੇ ਅਤੇ ਕੀਤੇ ਵਿਚੋਂ ਕੁਝ ਇਕ ਚੋਣਵੇ ਨੂੰ ਲੈਕੇ, ਪਿਆਰੇ ਖਾਲਸਾ ਪੰਥ ਅੱਗੇ ਰੱਖੀ ਇਸ ਫਾਇਲ ਵਿਚ ਦਰਜ ਹਰ ਦਸਤਾਵੇਜ਼ ਨੂੰ ਸਿਖ ਸੰਗਤਾਂ ਦੀ ਜਾਣਕਾਰੀ ਲਈ ਛਾਪਣ ਦਾ ਅਧਿਕਾਰ, ਪਿਆਰੇ 'ਦੇਸ ਪੰਜਾਬ' ਦੇ ਪ੍ਰਬੰਧਕ ਵੀਰ ਰਖਦੇ ਹਨ, ਪਰ ਦਾਸ ਆਪਣੇ ਵਲੋਂ ਪਹਿਲੀ ਕਤਾਰ ਦੇ ਇਨਾਂ ਹੇਠ ਦਰਜ ਦਸਤਾਵੇਜਾਂ ਵਿਚੋਂ ਜੇ, ਜਿੰਨਾਂ ਅਤੇ ਜਦੋਂ ਸੰਭਵ ਹੋਵੇ, ਸਿਖ ਸੰਗਤਾਂ ਦੀ ਜਾਣਕਾਰੀ ਲਈ ਛਾਪ ਦੇਣ ਦੀ ਬੇਨਤੀ ਕਰਦਾ ਹੈ:
1) ਭਾਗ ਦੂਜੇ ਵਿਚੋਂ ਜਰਮਨੀ ਦੀ 16 ਸਾਲ ਮਗਰੋਂ ਹੋਂਦ ਵਿਚ ਆਈ ਸੋਸ਼ਲਿਸਟ ਸਰਕਾਰ ਨੂੰ 1998 ਵਿਚ ਲਿਖੇ ਖਤਾਂ ਦੀ ਪੰਜਾਬੀ ਰਿਪੋਰਟ। ਇਨਾਂ ਖਤਾਂ ਵਿਚ ਮਾਰਕਸਵਾਦ ਅਤੇ ਸਿਖ ਧਰਮ ਵਿਚ ਦਰਜ ਸਮਾਜਵਾਦ ਦੇ ਵਿਸ਼ੇ ਨੂੰ ਵੀ ਛੋਹਿਆ ਹੋਇਆ ਹੈ। 2) ਭਾਗ ਤੀਜੇ ਵਿਚੋਂ 2002 ਦੇ ਅੰਤ ਉਤੇ ਯੂ ਐਨ ਓ, ਜਰਮਨੀ, ਅਮਰੀਕਾ, ਇੰਗਲੈਂਡ, ਇਜ਼ਰਾਇਲ, ਤੁਰਕੀ, ਰੂਸ਼ੀਆ ਆਦਿ ਦੀਆਂ ਸਰਕਾਰ ਨੂੰ ਲਿਖੇ ਖਤਾਂ ਵਾਰੇ ਪੰਜਾਬੀ ਰਿਪੋਰਟ। 3) ਭਾਗ ਚੌਥੇ ਵਿਚੋਂ ਇਕ ਬੁੜੈਲ ਜੇਲੋਂ ਸਿਦਕੀ ਸਿੰਘਾਂ ਦੀ ਫਰਾਰੀ ਨਾਲ ਸਬੰਧਤ ਪੰਜਾਬੀ ਅਤੇ ਜਰਮਨ ਭਾਸ਼ਾ ਵਿਚ ਪ੍ਰੈਸ ਰਲੀਜ ਹੈ। ਦੂਜਾ ਭਾਰਤ ਦੇ ਇਕ ਸਿਖ ਪ੍ਰਧਾਨ ਮੰਤਰੀ ਬਣ ਜਾਣ ਮਗਰੋਂ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਬੀਹਵੀਂ ਬਰਸੀ ਜੂਨ 2004 ਨੂੰ ਫਰੰਕਫਰਟ ਵਿਚ ਭਾਰਤੀ ਅੰਬੈਸੀ ਅੱਗੇ ਕੀਤੇ ਗਏ ਮੁਜਾਹਰੇ ਦੀ ਪੰਜਾਬੀ ਰਿਪੋਰਟ ਹੈ। ਇਨਾਂ ਦੋਹਾਂ ਹੀ ਗਤੀਵਿਧੀਆਂ ਨਾਲ ਸਬੰਧਤ ਦਸਤਾਵੇਜ਼ ਭਾਰਤੀ ਸਰਕਾਰ, ਜਰਮਨ ਸਰਕਾਰ, ਜਰਮਨ ਪ੍ਰੈਸ, ਕੁਝ ਅੰਤਰਰਾਸ਼ਟਰੀ ਖਬਰ ਏਜੰਸੀਆਂ ਅਤੇ ਯੂ ਐਨ ਓ ਕੋਲ ਇਨਾਂ ਸਮਿਆਂ ਤੋਂ ਹੀ ਪਹੁੰਚਾਏ ਪਏ ਹਨ। 4) ਭਾਗ ਛੇਅ ਵਿਚੋਂ ਆਪਣੇ ਧਰਮ ਅਤੇ ਕੌਮ ਦੀ ਇਥੋਂ ਹੋਈ ਤਿਲਫੁਲ ਸੇਵਾ ਵਾਰੇ ਨਮੂੰਨੇ ਵਜੋਂ ਦੋ ਨਿਭਿਓ ਕਾਰਜਾਂ ਵਾਰੇ ਪੰਜਾਬੀ ਰਿਪੋਰਟਾਂ ਹਨ। ਆਪਣੇ ਸੇਵਾ ਕਾਲ ਵਿਚ ਗੁਰੂ ਵਲੋਂ ਜੋ ਜਰੂਰੀ ਤਿਲਫੁਲ ਸੁਝਾਇਆ, ਲਿਖਾਇਆ ਅਤੇ ਕਰਾਇਆ, ਖਾਲਸਾ ਪੰਥ ਅੱਗੇ ਰੱਖਕੇ ਸੁਰਖਰੂ।
ਗੁਰੂ ਪੰਥ ਦਾ ਦਾਸ -ਬਿਧੀ ਸਿੰਘ ਬੱਬਰ ਉਰਫ ਐਨ ਕਮਲ-ਫੇਹਰਨਬੱਖ (ਸਾਬਕਾ ਪ੍ਰੈਸ ਸਕੱਤ੍ਰ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ)
ਨੋਟ: ਵੀਰ ਜੀਓ ਹਰ ਵਾਰ ਜੇ ਮਨਜੂਰ ਤਾਂ ਦਾਸ ਦਾ ਸਰਨਾਵਾਂ ਨਾ ਛਾਪਿਆ ਜਾਵੇ। ਜਿਥੇ ਜਰੂਰਤ, ਆਪਜੀ ਕੋਲ ਹੈ ਹੀ। ਫਾਇਲ ਅਤੇ ਹੋਰ ਦਸਤਾਵੇਜ਼ ਡਾਕ ਦੁਆਰਾ ਭੇਜੇ ਜਾ ਰਹੇ ਨੇ। ਬਹਿਸ ਵਿਚ ਸ਼ਮੂਲੀਅਤ ਵਾਲਾ ਵੀ ਜੇ ਗੁਰੂ ਮਿਹਰ ਤਾਂ ਜਲਦੀ ਹੀ ਪਹੁੰਚਦਾ ਹੋਵੇਗਾ। ਮਈ ਅਤੇ ਜੂਨ ਦੋ ਅੰਕਾਂ ਲਈ ਹੋ ਰਿਹਾ ਜਾਪਦਾ ਹੈ। ਦਾਸ- ਬਿਧੀ ਸਿੰਘ ਬੱਬਰ

## ਜਥੇਬੰਦੀ ਵੱਲੋਂ ਭਾਰਤ ਵਿਚ ਮਨੁੱਖੀ ਹੱਕਾਂ ਦੇ ਘਾਤ ਨਾਲ ਅਤੇ ਪੰਥ ਦੀ ਚੜ੍ਹਦੀ ਕਲਾ ਨਾਲ ਸਬੰਧਤ ਘਟਨਾਵਾਂ ਨੂੰ ਜਿਨਾਂ ਨੰਬਰਾਂ ਵਾਲੀਆਂ ਫਾਇਲਾਂ ਵਿਚ ਸਮੇਂ ਸਮੇਂ ਅੰਕਤ ਕਰਕੇ ਇਥੇ ਸਰਕਾਰੀਂ ਦਰਬਾਰੀਂ ਅਤੇ ਯੂ ਐਨ ਓ ਕੋਲ ਪਹੁੰਚਦਾ ਕੀਤਾ:

### No 1

**Versucht der Rechtsstaat Indien und seine Verfassung Minderheiten zu schützen oder wird alles unternommen, sie zu vernichten? Ist Indien ein demokratischer Rechtsstaat? Ist das Völkermord an den Sikhs oder Einzelfälle von Verschwindenlassen, Folterungen und Ermordungen der Sikhs, wie Sie behaupten?**

### No 2

**Zu Artikel 16a Abs. 1 GG.**

### No. 3

**Zu Voraussetzungen des § 51 Abs. 1 AUSLG**

### No 4

**Voraussetzungen des § 53 AuslG**

### No 5

**Was ist der Unterschied für die Sikhs, zwischen der indischen Regierung und dem deutschen Auswärtigen Amt, wenn sich die Begründung des Auswärtigen Amtes ausschließlich auf Informationen der indischen Regierung stützt und nicht neutrale Quellen zu ihrer Urteilsfindung heranzieht, daß sie ihre freie Meinung bilden kann.**

### Nr. 5a

**Neu Presseberichte und die Mitteilungen .**

### Nr. 6a

**Pressebericht: Überschrift: gegen drei ins Ausland ausgewanderte Inder ist Kautionsfähiger Haftbefehl erlassen worden**

**Test : CHANDIGARH- DER „ Judicial Magistrate“ <Hauptmagistrat der Justic> in Chandigarh, Sardar Darschan Singh, hat in Zusammenhang mit der >Verschwörung um die Ermordung des ehemaligen Ministerpräsidenten, Beant Singh, und siebzehn anderer Menschen am 31. August des vergangenen Jahres gegen drei ausgewanderte Inder/Auslandsinder einen nicht- Kautionsfähigen Haftbefehl erlassen. Es Handelt sich um Manjit Singh Grewal, der einen englischen Paß besitzt, um Resham Singh Babbar, Deutschland und Harjit Singh, Amerika. Um diese Befehle des Gerichtes auszuführen und die genannten Inder zu verhaften, darf die C.B:I. die Hilfe von Interpol nehmen. Diese Personen sind unter § 302(Mord), §307(versuchter Mord) und §120B (Verschwörung ) beschuldigt worden.**

**Die wohn Anschriften der genannten sind- für Manjit Singh, Darley Street, Gravsend Kent (England), Resham Singh, Ludan Straße, Margawitsch(Anmerkung der Übersetzers: möglicherweise handelt es sich um die Linden Straße in Merzenich.“**

**Presseberichte Awaze Qaum, Nr. 501 Seite 3.(Beigefügt in Nr. 6a Seite 12-12a)**

**Wenn wegen der Verteilung des Faxbriefes von Babbar Khalsa International deutscher Zweig an den 'Jathedar' (Verwalter) des Shri Akal Takht Sahib (Heiliger Sitz) während der Welt-Sikh-Konferenz, sein Bruder wegen Verrats an der Nation (Indisches Strafgesetz Par. 124-A ) angeklagt werden kann und wenn ohne jede Grundlage der Vorsitzender der Babbar Khalsa deutscher Zweig wegen den Mord dem an dem Ministerpräsidente Punjab Biant Singh, angeklagt werden kann, dann was passiert mit anderen B.K.I. deutscher Zweig Vorstandsmitgliedern und Mitgliedern wenn sie nach Indien zurück geschickt werden?**

**B.K.I. deutscher Zweig 1-65 und 66-153**

**1-65 und 66-153**